# Healthy smiles Ontario

**Healthy Smiles Ontario ਕੀ ਹੈ?**
Healthy Smiles Ontario, 17 ਸਾਲ ਅਤੇ ਇਸ ਤੋਂ ਘੱਟ ਉਮਰ ਦੇ ਯੋਗ ਪਾਤਰ ਬੱਚਿਆਂ ਅਤੇ ਨੌਜਵਾਨਾਂ ਲਈ ਇੱਕ ਮੁਫ਼ਤ ਡੈਂਟਲ ਪ੍ਰੋਗਰਾਮ ਹੈ।

ਜਨਵਰੀ 01, 2016 ਤੋਂ, Healthy Smiles Ontario ਵਿੱਚ ਹੇਠ ਲਿਖੇ ਪ੍ਰੋਗਰਾਮ ਸ਼ਾਮਲ ਹਨ:

- Ontario Works ਤਹਿਤ ਬੱਚਿਆਂ ਲਈ ਦੰਦਾਂ ਸਬੰਧੀ ਲਾਭ;
- ਓਨਟੈਰੀਓ ਡਿਸਏਬਿਲਟੀ ਸਪੋਰਟ ਪ੍ਰੋਗਰਾਮ (Ontario Disability Support Program) ਤਹਿਤ ਬੱਚਿਆਂ ਲਈ ਦੰਦਾਂ ਸਬੰਧੀ ਲਾਭ;
- ਗੰਭੀਰ ਤੌਰ 'ਤੇ ਅਪਾਹਜ ਬੱਚਿਆਂ ਲਈ ਸਹਾਇਤਾ ਪ੍ਰੋਗਰਾਮ (Assistance for Children with Severe Disabilities Program) ਤਹਿਤ ਬੱਚਿਆਂ ਲਈ ਦੰਦਾਂ ਸਬੰਧੀ ਲਾਭ;
- ਇਲਾਜ ਦੇ ਜ਼ਰੂਰਤਮੰਦ ਬੱਚਿਆਂ ਦੇ ਪ੍ਰੋਗਰਾਮ (Children In Need Of Treatment Program);
- Healthy Smiles Ontario; ਅਤੇ
- ਸਥਾਨਕ ਪਬਲਿਕ ਹੈੱਲਥ ਯੂਨਿਟਾਂ ਵੱਲੋਂ ਉਪਲਬਧ ਕੀਤੀਆਂ ਗਈਆਂ ਮੂੰਹ ਦੀ ਸਿਹਤ ਨੂੰ ਕਾਇਮ ਰੱਖਣ ਲਈ ਰੋਕਥਾਮ ਸੰਬੰਧੀ ਸੇਵਾਵਾਂ।

**ਕੌਣ ਯੋਗ ਪਾਤਰ ਹੈ?**
17 ਸਾਲ ਅਤੇ ਇਸ ਤੋਂ ਘੱਟ ਉਮਰ ਦੇ ਬੱਚੇ ਅਤੇ ਨੌਜਵਾਨ ਯੋਗ ਪਾਤਰ ਹੋ ਸਕਦੇ ਹਨ, ਜੇਕਰ:

- ਉਹ ਓਨਟੈਰੀਓ ਦੇ ਨਿਵਾਸੀ ਹੋਣ; ਅਤੇ
- ਉਹ ਉਸ ਪਰਿਵਾਰ ਦੇ ਮੈਂਬਰ ਹੋਣ, ਜੋ ਆਮਦਨ ਸਬੰਧੀ ਯੋਗ ਪਾਤਰ ਹੋਣ ਦੀਆਂ ਸ਼ਰਤਾਂ ਪੂਰੀਆਂ ਕਰਦੇ ਹੋਣ।

**ਨੋਟ:** 17 ਸਾਲ ਅਤੇ ਇਸ ਤੋਂ ਘੱਟ ਉਮਰ ਦੇ ਬੱਚੇ ਆਪਣੇ ਆਪ ਹੀ ਯੋਗ ਪਾਤਰ ਅਤੇ ਆਪਣੇ ਆਪ ਹੀ Healthy Smiles Ontario ਵਿੱਚ ਉਦੋਂ ਸ਼ਾਮਲ ਹੋ ਜਾਂਦੇ ਹਨ, ਜਦੋਂ ਉਨ੍ਹਾਂ ਨੂੰ ਜਾਂ ਉਨ੍ਹਾਂ ਦੇ ਪਰਿਵਾਰ ਨੂੰ ਮਿਲਦੀ ਹੈ: Ontario Works, ਅਸਥਾਈ ਦੇਖਭਾਲ ਸਹਾਇਤਾ, ਗੰਭੀਰ ਤੌਰ ਤੇ ਅਪਾਹਜ ਬੱਚਿਆਂ ਲਈ ਸਹਾਇਤਾ ਪ੍ਰੋਗਰਾਮ ਜਾਂ ਓਨਟੈਰੀਓ ਡਿਸਏਬਿਲਟੀ ਸਪੋਰਟ ਪ੍ਰੋਗਰਾਮ। ਜਿਹੜੇ ਬੱਚੇ ਅਤੇ ਨੌਜਵਾਨ ਦੰਦਾਂ ਦੇ ਕਿਸੇ ਹੋਰ ਬੀਮੇ ਦੀ ਸੁਰੱਖਿਆ ਤਹਿਤ ਹੋਣਗੇ ਉਨ੍ਹਾਂ ਨੂੰ ਹੁਣ ਆਪਣੇ ਆਪ ਬਾਹਰ ਨਹੀਂ ਰੱਖਿਆ ਜਾਂਦਾ।

**ਮੈਂ ਇਸ ਵਿੱਚ ਸ਼ਾਮਲ ਕਿਸ ਤਰ੍ਹਾਂ ਹੋ ਸਕਦਾ/ਸਕਦੀ ਹਾਂ?**

- ontario.ca/healthysmiles 'ਤੇ ਜਾਓ
- ServiceOntario INFOline ਨੂੰ ਟੋਲ-ਫ਼੍ਰੀ ਨੰਬਰ 1-844-296-6306 (TTY ਟੋਲ-ਫ਼੍ਰੀ ਨੰਬਰ 1-800-387-5559) 'ਤੇ ਕਾਲ ਕਰੋ
- ਤੁਹਾਡੀ ਸਥਾਨਕ ਪਬਲਿਕ ਹੈੱਲਥ ਯੂਨਿਟ ਤੁਹਾਨੂੰ ਸ਼ਾਮਲ ਕਰਨ ਵਿੱਚ ਤੁਹਾਡੀ ਸਹਾਇਤਾ ਕਰ ਸਕਦੀ ਹੈ। ontario.ca/healthysmiles 'ਤੇ ਜਾਓ ਅਤੇ ਵੇਖੋ ਕਿ ਤੁਹਾਡੇ ਇਲਾਕੇ ਵਿੱਚ ਕਿਹੜੀ ਪਬਲਿਕ ਹੈੱਲਥ ਯੂਨਿਟ ਕੰਮ ਕਰਦੀ ਹੈ

ਇਕ ਵਾਰ ਤੁਹਾਡੀ ਸ਼ਮੂਲੀਅਤ ਦੀ ਪੁਸ਼ਟੀ ਹੋ ਜਾਣ ਤੇ ਤੁਹਾਨੂੰ Healthy Smiles Ontario ਡੈਂਟਲ ਕਾਰਡ ਮਿਲੇਗਾ। ਪ੍ਰੋਗਰਾਮ ਤਹਿਤ ਦੰਦਾਂ ਦੀ ਦੇਖਭਾਲ ਸੇਵਾ ਲੈਣ ਲਈ, ਆਪਣੇ ਡੈਂਟਲ ਕਾਰਡ ਨੂੰ ਹਰ ਵਾਰੀ ਦੰਦਾਂ ਦੀਆਂ ਸੇਵਾਵਾਂ ਦੇ ਪ੍ਰਦਾਨਕ ਨੂੰ ਵਿਖਾਉਣਾ ਪਵੇਗਾ।

**ਦੰਦਾਂ ਲਈ ਐਮਰਜੈਂਸੀ ਇਲਾਜ ਸਮੇਤ ਦੰਦਾਂ ਦੀ ਦੇਖਭਾਲ ਸੇਵਾ ਤਕ ਪਹੁੰਚ ਲਈ ਮੇਰਾ ਬੱਚਾ ਕਿੱਥੇ ਜਾ ਸਕਦਾ ਹੈ?**
ਜੇ ਤੁਹਾਡਾ ਕੋਈ ਦੰਦਾਂ ਦਾ ਡਾਕਟਰ ਹੈ, ਤਾਂ ਉਨ੍ਹਾਂ ਦੇ ਦਫ਼ਤਰ (ਕਲਿਨਿਕ) ਨਾਲ ਸੰਪਰਕ ਕਰਕੇ ਪਤਾ ਕਰੋ, ਕਿ ਕੀ ਉਹ Healthy Smiles Ontario ਪ੍ਰੋਗਰਾਮ ਵਿੱਚ ਹਿੱਸਾ ਲੈਂਦੇ ਹਨ। ਜੇ ਤੁਹਾਡਾ ਕੋਈ ਦੰਦਾਂ ਦਾ ਡਾਕਟਰ ਨਹੀਂ ਹੈ, ਤਾਂ ਸਹਾਇਤਾ ਲਈ ਤੁਸੀਂ ਆਪਣੀ ਸਥਾਨਕ ਪਬਲਿਕ ਹੈੱਲਥ ਯੂਨਿਟ ਨਾਲ ਸੰਪਰਕ ਕਰੋ। ontario.ca/healthysmiles 'ਤੇ ਜਾਓ ਅਤੇ ਵੇਖੋ ਕਿ ਕਿਹੜੀ ਪਬਲਿਕ ਹੈੱਲਥ ਯੂਨਿਟ ਤੁਹਾਡੇ ਇਲਾਕੇ ਵਿੱਚ ਕੰਮ ਕਰਦੀ ਹੈ।

**ਕਿਹੜੀਆਂ ਸੇਵਾਵਾਂ ਨੂੰ ਕਵਰ ਕੀਤਾ ਜਾਂਦਾ ਹੈ?**
Healthy Smiles Ontario ਵਿੱਚ ਇੱਕ ਲਾਇਸੈਂਸਸ਼ੁਦਾ ਡੈਂਟਲ ਪ੍ਰੋਵਾਈਡਰ (ਦੰਦ ਸੇਵਾ ਪ੍ਰਦਾਤਾ), ਜਿਵੇਂ ਕਿ ਇਕ ਡੈਂਟਿਸਟ ਜਾਂ ਡੈਂਟਲ ਹਾਈਜੀਨਿਸਟ ਦੀਆਂ ਸੇਵਾਵਾਂ ਸ਼ਾਮਲ ਹਨ। ਇਸ ਵਿੱਚ ਦੰਦ ਦੀ ਜਾਂਚ, ਸਫ਼ਾਈ, ਦੰਦ ਭਰਨਾ, ਐਕਸ-ਰੇਜ਼ ਅਤੇ ਸਕੇਲਿੰਗ ਸ਼ਾਮਿਲ ਹਨ। ਮੂੰਹ ਦੀ ਸਿਹਤ ਦੀ ਕੋਈ ਜ਼ਰੂਰੀ ਜਾਂ ਐਮਰਜੈਂਸੀ ਸਥਿਤੀ ਸਬੰਧੀ ਸਮੱਸਿਆਵਾਂ ਵੀ Healthy Smiles Ontario ਵਿੱਚ ਸ਼ਾਮਲ ਹਨ।

**ਮੂੰਹ ਦੀ ਸਿਹਤ ਕਿਉਂ ਅਹਿਮ ਹੈ?**
ਦੰਦਾਂ ਦੀਆਂ ਖੋੜਾਂ (ਕੈਵਟੀਜ਼) ਅਤੇ ਮਸੂੜਿਆਂ ਦੀ ਬੀਮਾਰੀ ਵਿੱਚ ਬਹੁਤ ਦਰਦ ਹੁੰਦੀ ਹੈ ਅਤੇ ਇਨ੍ਹਾਂ ਨਾਲ ਗੰਭੀਰ ਛੂਤ ਹੋਣ ਦਾ ਡਰ ਹੁੰਦਾ ਹੈ, ਜਿਸ ਨਾਲ ਬਾਲਗ ਦੰਦ ਦੇ ਵਿਕਾਸ ਉੱਤੇ ਅਸਰ ਪੈ ਸਕਦਾ ਹੈ। ਦਰਦ ਨਾਲ ਨੀਂਦ ਪੂਰੀ ਨਹੀਂ ਹੁੰਦੀ, ਬੱਚੇ ਦੇ ਖਾਣ-ਪੀਣ ਅਤੇ ਉਸਦੀ ਪੜ੍ਹਨ ਅਤੇ ਸਕੂਲ ਜਾਣ ਦੀ ਯੋਗਤਾ 'ਤੇ ਵੀ ਅਸਰ ਪੈ ਸਕਦਾ ਹੈ। ਤੁਹਾਡੇ ਬੱਚਿਆਂ ਦੇ ਸਵੈ-ਮਾਣ, ਸਿਹਤਮੰਦ ਹੋਣ ਦੇ ਅਹਿਸਾਸ ਅਤੇ ਉਨ੍ਹਾਂ ਦੀ ਸਮੁੱਚੀ ਸਿਹਤ ਲਈ ਮੂੰਹ ਦੀ ਸਿਹਤ ਦਾ ਚੰਗਾ ਹੋਣਾ ਅਹਿਮ ਹੈ। ਮੂੰਹ ਦੀ ਸਿਹਤ ਸੰਬੰਧੀ ਸਮੱਸਿਆਵਾਂ ਦੇ ਸ਼ੁਰੂ ਹੋਣ ਤੋਂ ਪਹਿਲਾਂ ਰੋਕਥਾਮ ਕਰੋ!

**ਹੋਰ ਵੱਧ ਜਾਣਕਾਰੀ ਲਈ:**

- ontario.ca/healthysmiles 'ਤੇ ਜਾਓ
- ਜਾਂ ServiceOntario INFOline ਨੂੰ ਕਾਲ ਕਰੋ:

**ਟੋਲ-ਫ਼੍ਰੀ: 1-844-296-6306**
**TTY ਟੋਲ-ਫ਼੍ਰੀ: 1-800-387-5559**
**ਸਿਰਫ਼ TTY ਟੋਰਂਟੋ: 416-327-4282**

Catalogue No. 020404 ISBN No. 978-1-4606-7215-0 (PDF) January 2016 © Queen's Printer for Ontario 2016

Ontario